ਪ੍ਰੋ: ਇੰਮਾਨੂੰਏਲ ਨਾਹਰ, ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੀ ਪ੍ਰਧਾਨਗੀ ਹੇਠ ਮਿਤੀ 10-2-2023 ਨੂੰ ਹੋਈ ਮੀਟਿੰਗ ਦੀ ਕਾਰਵਾਈ।

ਮੀਟਿੰਗ ਵਿੱਚ ਹੇਠ ਲਿਖੇ ਅਧਿਕਾਰੀ/ ਮੈਂਬਰ ਸ਼ਾਮਲ ਹੋਏ:-

1. ਸ਼੍ਰੀ ਮੁਹੰਮਦ ਰਫੀ :ਸੀਨੀਅਰ ਵਾਈਸ-ਚੇਅਰਮੈਨ
2. ਸ਼੍ਰੀ ਅਹਿਮਦ ਅੱਲੀ ਗੁੱਡੂ :ਮੈਂਬਰ
3. ਸ਼੍ਰੀ ਬਹਾਦਰ ਖਾਨ: :ਮੈਂਬਰ
4. ਸ਼੍ਰੀ ਲਾਲ ਹੁਸੈਨ :ਮੈਂਬਰ
5. ਸ਼੍ਰੀ ਸਲਿਲ ਕੁਮਾਰ :ਮੈਂਬਰ
6. ਸ਼੍ਰੀ ਸੁਭਾਸ਼ ਮਸੀਹ ਥੋਬਾ :ਮੈਂਬਰ

ਪੋ: ਇੰਮਾਨੂੰਏਲ ਨਾਹਰ, ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੀ ਅਗਵਾਈ ਹੇਠ ਕਮਿਸ਼ਨ ਦੀ ਮੀਟਿੰਗ ਹੋਈ ਜਿਸ ਵਿੱਚ ਉਪਰੋਕਤ ਅਧਿਕਾਰੀ ਅਤੇ ਮੈਂਬਰ ਸ਼ਾਮਲ ਹੋਏ। ਚੇਅਰਮੈਨ ਜੀ ਵਲੋਂ ਮੀਟਿੰਗ ਵਿੱਚ ਸ਼ਾਮਲ ਹੋਏ ਅਧਿਕਾਰੀਆਂ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ ਅਤੇ ਮੀਟਿੰਗ ਵਿੱਚ ਅਜੰਡੇ ਅਨੁਸਾਰ ਮਾਮਲੇ ਵਿਚਾਰੇ ਗਏ।

**Agenda Item No. 1**.

ਪੰਜਾਬ ਵਿੱਚ ਸਥਿਤ ਇਸਾਈ ਭਾਈਚਾਰੇ ਅਤੇ ਮੁਸਲਿਮ ਭਾਈਚਾਰੇ ਦੇ ਕਬਰਸਤਾਨਾਂ ਦੇ ਰੱਖ ਰਖਾਵ ਅਤੇ ਸਾਂਭ ਸੰਭਾਲ ਲਈ ਵਿੱਤੀ ਸਾਲ 2022-23 ਲਈ ਵੱਖਰੇ ਤੌਰ ਤੇ ਬਜਟ ਦਾ ਪ੍ਰਬੰਧ ਕਰਨ ਸਬੰਧੀ।

**Resolution/PSMC-1 (Decision) dated 10-02-2023**

ਕਮਿਸ਼ਨ ਦੀ ਇਕੱਤਰਤਾ ਵਿੱਚ ਵਿਸਥਾਰ-ਪੂਰਬਕ ਵਿਚਾਰਕੇ ਇਹ ਫੈਸਲਾ ਲਿਆ ਗਿਆ ਹੈ ਕਿ ਇਸਾਈ ਅਤੇ ਮੁਸਲਿਮ ਭਾਈਚਾਰੇ ਦੇ ਕਬਰਸਤਾਨਾਂ ਦੇ ਰੱਖ ਰਖਾਵ, ਸ਼ੈਡ ਅਤੇ ਪਾਣੀ ਆਦਿ ਦੀਆਂ ਸਹੂਲਤਾ ਮੁਹਈਆ ਕਰਵਾਉਣ ਲਈ ਵਿੱਤੀ ਸਾਲ 2023-24 ਦੇ ਬੱਜਟ ਵਿਚ ਘੱਟ ਤੋਂ ਘੱਟ 100 ਕਰੋੜ ਰੁਪਏ ਦਾ ਬੱਜਟ ਇਸ ਮੰਤਵ ਲਈ ਮਨਜ਼ੂਰ ਕਰਵਾਉਣ ਲਈ ਗ੍ਰਹਿ ਅਤੇ ਵਿੱਤ ਵਿਭਾਗ ਨੂੰ ਲਿਖਿਆ ਜਾਵੇ ।

**Agenda Item No. 2.** ਘੱਟ ਗਿਣਤੀ ਭਾਈਚਾਰੇ ਵਲੋ ਸਥਾਪਿਤ ਵਿਦਿਅਕ ਸੰਸਥਾਵਾਂ ਨੂੰ ਐਨ.ਓ.ਸੀ./ਮਾਇਨੋਰਟੀ ਸਰਟੀਫਿਕੇਟ ਜਾਰੀ ਕਰਨ ਲਈ ਮਿਤੀ ਬੱਧ ਪਾਲਸੀ ਬਣਾਉਣ ਸਬੰਧੀ।

ਕਮਿਸ਼ਨ ਦੀ ਮੀਟਿੰਗ ਵਿੱਚ ਘੱਟ ਗਿਣਤੀ ਭਾਈਚਾਰੇ ਵਲੋ ਸਥਾਪਿਤ ਵਿਦਿਅਕ ਸੰਸਥਾਵਾਂ ਨੂੰ ਐਨ.ਓ.ਸੀ./ਮਾਇਨੋਰਟੀ ਸਰਟੀਫਿਕੇਟ ਜਾਰੀ ਕਰਨ ਲਈ ਮਾਮਲਾ ਵਿਸਥਾਰ-ਪੂਰਬਕ ਵਿਚਾਰਿਆ ਗਿਆ ਕਿ ਘੱਟ ਗਿਣਤੀ ਭਾਈਚਾਰੇ ਦੀਆਂ ਵਿਦਿਅਕ ਸੰਸਥਾਵਾਂ ਦੁਆਰਾ ਐਨ.ਓ.ਸੀ./ ਮਾਇਨੋਰਟੀ ਸਰਟੀਫਿਕੇਟ ਜ਼ਾਰੀ ਕਰਨ ਵਿੱਚ ਬੇ-ਲੋੜੀਂਦੀ ਦੇਰੀ ਹੋ ਰਹੀ ਹੈ। ਇਸ ਸਬੰਧ ਵਿੱਚ ਕਮਿਸ਼ਨ ਦੁਆਰਾ ਵਿਚਾਰ ਵਟਾਂਦਰੇ ਉਪਰੰਤ ਹੇਠ ਲਿਖੇ ਅਨੁਸਾਰ ਪਰਵਾਨਗੀ ਦਿੱਤੀ ਗਈ।

**Resolution/PSMC-2 dated 10-02-2023**

ਕਮਿਸ਼ਨ ਦੀ ਇਕੱਤਰਤਾ ਵਿੱਚ ਵਿਸਥਾਰ-ਪੂਰਬਕ ਵਿਚਾਰਕੇ ਇਹ ਫੈਸਲਾ ਲਿਆ ਗਿਆ ਹੈ ਕਿ :-

1) ਪੰਜਾਬ ਦੇ ਸਮੂਹ ਡਿਪਟੀ ਕਮਿਸ਼ਨਰਜ਼ ਅਤੇ ਜ਼ਿਲ੍ਹਾ ਸਿਖਿਆ ਅਫਸਰਾਂ ਨੂੰ ਲਿਖਿਆ ਜਾਵੇ ਕਿ ਘੱਟ ਗਿਣਤੀ ਭਾਈਚਾਰੇ ਦੇ ਵਿਦਿਅਕ ਅਦਾਰਿਆਂ ਵਿੱਚ ਇਹ ਯਕੀਨੀ ਬਣਾਇਆ ਜਾਵੇ ਕਿ ਸਬੰਧਤ ਇਲਾਕੇ/ ਜ਼ਿਲੇ ਦੀ ਘੱਟ ਗਿਣਤੀ ਭਾਈਚਾਰੇ ਦੀ ਅਬਾਦੀ ਦੇ ਅਨੁਪਾਤ ਅਨੁਸਾਰ ਘੱਟ ਗਿਣਤੀ ਭਾਈਚਾਰੇ ਦੇ ਬੱਚਿਆਂ ਨੂੰ ਵਿਦਿਅਕ ਅਦਾਰਿਆਂ ਵਿੱਚ ਦਾਖਲਾ ਦਿੱਤਾ ਜਾਣਾ ਯਕੀਨੀ ਬਣਾਇਆ ਜਾਵੇ ਅਤੇ ਇਸ ਸਬੰਧੀ ਸੂਚਨਾ ਨਿਰੰਤਰ ਚੇਅਰਮੈਨ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਨੂੰ ਭੇਜੀ ਜਾਵੇ ਕਿ ਇਲਾਕੇ ਦੀ ਆਬਾਦੀ ਦੇ ਅਨੁਪਾਤ ਵਿੱਚ ਘੱਟ ਗਿਣਤੀ ਭਾਈਚਾਰੇ ਦੇ ਬੱਚਿਆਂ ਨੂੰ ਵਿਦਿਅਕ ਆਦਾਰੇ ਵਿੱਚ ਦਾਖਲਾ ਦੇ ਦਿੱਤਾ ਗਿਆ ਹੈ।

2. ਘੱਟ ਗਿਣਤੀ ਭਾਈਚਾਰੇ ਦੇ ਵਿਦਿਅਕ ਅਦਾਰਿਆਂ ਵਿੱਚ ਟੀਚਿੰਗ ਅਤੇ ਨੋਨ ਟੀਚਿੰਗ (ਕਲੈਰੀਕਲ) ਅਮਲੇ ਦੀ ਨਿਯੁਕਤੀ ਉਸ ਜ਼ਿਲੇ ਵਿੱਚ ਘੱਟ ਗਿਣਤੀ ਭਾਈਚਾਰੇ ਦੀ ਆਬਾਦੀ ਦੇ ਅਨੁਪਾਤ ਅਨੁਸਾਰ ਹੋਣੀ ਚਾਹੀਦੀ ਹੈ ਅਤੇ ਕਿਸੇ ਵੀ ਹਾਲਤ ਵਿੱਚ ਉਨ੍ਹਾਂ ਦਾ ਨਿਯੁਕਤੀ ਦਾ ਉਨਾ ਦੀ ਆਬਾਦੀ ਦੇ ਅਨੁਪਾਤ ਤੋਂ ਘੱਟ ਨਹੀਂ ਹੋਣੀ ਚਾਹੀਦੀ ਇਸ ਸਬੰਧੀ ਹਰੇਕ ਵਿਦਿਅਕ ਆਦਾਰੇ ਨੂੰ ਇਹ ਲਾਜ਼ਮੀ ਹੋਵੇਗਾ ਕਿ ਉਹ ਇਸ ਸਬੰਧੀ ਸੂਚਨਾ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਨੂੰ ਭੇਜਣ ਕਿ ਟੀਚਿੰਗ ਅਤੇ ਨੋਨ ਟੀਚਿੰਗ (ਕਲੈਰੀਕਲ) ਅਮਲੇ ਦਾ ਅਨੁਪਾਤ ਜ਼ਿਲੇ ਦੀ ਆਬਾਦੀ ਦੇ ਅਨੁਪਾਤ ਤੋਂ ਘੱਟ ਨਹੀ ਹੈ।

3. ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਘੱਟ ਗਿਣਤੀ ਭਾਈਚਾਰੇ ਦੇ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਸਾਰੇ ਲਾਭ ਘੱਟ ਗਿਣਤੀ ਭਾਈਚਾਰੇ ਦੇ ਵਿਦਿਆਰਥੀਆਂ ਨੂੰ ਮੁਹਈਆ ਕਰਵਾਉਣਾ ਯਕੀਨੀ ਬਣਾਉਣ ਲਈ ਸਬੰਧਤ ਜ਼ਿਲ੍ਹਾ ਸਿਖਿਆ ਅਫਸਰਾਂ ਨੂੰ ਲਿਖਿਆ ਜਾਵੇ ਅਤੇ ਇਹ ਵੀ ਲਿਖਿਆ ਜਾਵੇ ਕਿ ਹਰੇਕ ਘੱਟ ਗਿਣਤੀ ਭਾਈਚਾਰੇ ਦਾ ਵਿਦਿਅਕ ਆਦਾਰਾ ਇਹ ਤਸਦੀਕ ਕਰੇਗਾ ਕਿ ਘੱਟ ਗਿਣਤੀ ਭਾਈਚਾਰੇ ਦੇ ਵਿਦਿਆਰਥੀਆਂ ਨੂੰ ਸਰਕਾਰ ਦੁਆਰਾ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸਹੂਲਤਾ ਦੇ ਦਿੱਤੀਆਂ ਗਈਆਂ ਹਨ ਅਤੇ ਇਸ ਸਬੰਧੀ ਰਿਪੋਰਟ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਨੂੰ ਭੇਜੇਗਾ।

4. ਘੱਟ ਗਿਣਤੀ ਭਾਈਚਾਰੇ ਦੀ ਕਿਸੇ ਵੀ ਸੰਸਥਾ ਵਲੋਂ ਆਪਣੇ ਵਿਦਿਅਕ ਅਦਾਰੇ ਲਈ ਜੇਕਰ ਐਨ.ਓ.ਸੀ./ਮਾਇਨੋਰਟੀ ਸਰਟੀਫਿਕੇਟ ਲਿਆ ਹੋਇਆ ਹੈ ਅਤੇ ਉਸ ਸੰਸਥਾ ਦੁਆਰਾ ਘੱਟ ਗਿਣਤੀ ਭਾਈਚਾਰੇ ਦੇ ਵਿਦਿਅਕ ਅਦਾਰੇ ਦੀ ਹੋਰ ਸ਼ਾਖਾ ਖੋਲੀ ਜਾਂਦੀ ਹੈ ਤਾਂ ਉਸ ਸੰਸਥਾ ਦੁਆਰਾ ਇਸ ਸ਼ਾਖਾ ਲਈ ਐਨ.ਓ.ਸੀ./ ਮਾਇਨੋਰਟੀ ਸਰਟੀਫਿਕੇਟ ਲੈਣ ਦੀ ਲੋੜ ਨਹੀਂ ਹੋਣੀ ਚਾਹੀਦੀ ਜੇਕਰ ਉਸ ਵਿਦਿਅਕ ਅਦਾਰੇ ਵਲੋਂ ਘੱਟ ਗਿਣਤੀ ਭਾਈਚਾਰੇ ਲਈ ਐਨ.ਓ.ਸੀ./ ਮਾਇਨੋਰਟੀ ਸਰਟੀਫਿਕੇਟ ਦੀਆਂ ਸ਼ਰਤਾਂ ਪੂਰੀਆਂ ਕੀਤੀਆਂ ਹੋਈਆਂ ਹਨ।

5. ਪੰਜਾਬ ਰਾਜ ਵਿੱਚ ਘੱਟ ਗਿਣਤੀ ਦੁਆਰਾ ਸਥਾਪਿਤ ਕੀਤੇ ਗਏ ਵਿਦਿਅਕ ਅਦਾਰਿਆਂ ਵਲੋਂ ਘੱਟ ਗਿਣਤੀ ਭਾਈਚਾਰੇ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾ, ਘੱਟ ਗਿਣਤੀ ਭਾਈਚਾਰੇ ਦੀ ਅਬਾਦੀ ਦੇ ਅਨੁਪਾਤ ਅਨੁਸਾਰ ਸਕੂਲਾਂ ਵਿੱਚ ਕੀਤੀ ਗਈ admission ਅਤੇ ਘੱਟ ਗਿਣਤੀ ਦੇ ਟੀਚਿੰਗ ਸਟਾਫ ਅਤੇ ਨੋਨ ਟੀਚਿੰਗ ਸਟਾਫ ਦੀ ਜ਼ਿਲੇ ਦੀ ਘੱਟ ਗਿਣਤੀ ਭਾਈਚਾਰੇ ਦੀ ਪ੍ਰਤੀਨਿੱਧਤਾ ਉਨ੍ਹਾਂ ਦੀ ਆਬਾਦੀ ਅਨੁਸਾਰ ਯਕੀਨੀ ਬਣਾਉਣ ਲਈ ਸਮੇਂ ਸਮੇਂ ਤੇ ਚੇਅਰਮੈਨ ਜੀ ਦੀ ਲਿਖਿਤੀ ਪਰਵਾਨਗੀ ਅਨੁਸਾਰ ਕਮਿਸ਼ਨ ਦੇ ਮੈਂਬਰਾਂ ਦੁਆਰਾ ਵੇਖਣ ਲਈ ਘੱਟ ਗਿਣਤੀ ਭਾਈਚਾਰੇ ਦੇ ਵਿਦਿਅਕ ਅਦਾਰਿਆਂ ਨੂੰ ਵਿਜ਼ਟ ਕੀਤਾ ਜਾਵੇਗਾ।

**<u>Agenda Item No. 3.</u>** ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੀ ਸਾਲ 2022-23 ਦੌਰਾਨ ਕੀਤੇ ਗਏ ਕੰਮਾਂ ਸਬੰਧੀ ਸਾਲਾਨਾ ਰਿਪੋਰਟ।

ਪੰਜਾਬ ਰਾਜ ਘੱਟ ਗਿਣਤੀਆਂ ਕਮਿਸ਼ਨ ਐਕਟ, 2012 (ਪੰਜਾਬ ਐਕਟ ਨੰਬਰ 13 ਆਫ 2013) ਦੇ ਸੈਕਸ਼ਨ 18 ਅਨੁਸਾਰ ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੁਆਰਾ ਅਪ੍ਰੈਲ 2022 ਤੋਂ ਜਨਵਰੀ 2023 ਦੇ ਸਮੇਂ ਦੌਰਾਨ ਕਮਿਸ਼ਨ ਦੁਆਰਾ ਕੀਤੇ ਗਏ ਕੰਮਾਂ ਅਤੇ ਗਤੀਵਿੱਧੀਆਂ ਦਾ ਸਹੀ ਅਤੇ ਪੂਰਾ ਲੇਖਾ-ਜੋਖਾ ਦਿੰਦੇ ਹੋਏ ਕਮਿਸ਼ਨ ਦੀ ਇਕੱਤਰਤਾ ਦੀ ਮੀਟਿੰਗ ਵਿਚ ਵਿਚਾਰਿਆ ਗਿਆ।

**<u>Resolution/PSMC-3 dated 10-02-2023</u>**

ਕਮਿਸ਼ਨ ਦੀ ਮੀਟਿੰਗ ਵਿੱਚ ਵਿਸਥਾਰ ਪੂਰਬਕ ਵਿਚਾਰਨ ਉਪਰੰਤ ਸਰਬ ਸੰਮਤੀ ਨਾਲ ਕਮਿਸ਼ਨ ਦੁਆਰਾ ਅਪ੍ਰੈਲ 2022 ਤੋਂ ਜਨਵਰੀ 2023 ਦੌਰਾਨ ਕੀਤੇ ਗਏ ਕੰਮ ਅਤੇ ਸ਼ਿਕਾਇਤਾ ਦਾ ਨਿਪਟਾਰਾ ਅਤੇ ਹੋਰ ਗਤੀਵਿੱਧੀਆਂ ਦਾ ਪੂਰਾ ਲੇਖਾ-ਜੋਖਾ ਪਰਵਾਨ ਕੀਤਾ ਗਿਆ ਹੈ ਇਹ ਰਿਪੋਰਟ ਗ੍ਰਹਿ ਵਿਭਾਗ ਨੂੰ ਪਰਵਾਨਗੀ ਲਈ ਭੇਜਣ ਦੀ ਸਿਫਾਰਸ਼ ਨੂੰ ਪਰਵਾਨ ਕੀਤਾ ਗਿਆ।

**<u>Agenda Item No. 4.</u>** ਪਿੰਡਾ ਅਤੇ ਸ਼ਹਿਰਾਂ ਵਿੱਚ ਇਸਾਈ ਅਤੇ ਮੁਸਲਿਮ ਭਾਈਚਾਰੇ ਨੂੰ ਅਲਾਟ ਕੀਤੀ ਗਈ ਜਗ੍ਹਾ ਦੀ ਚਾਰ ਦਿਵਾਰੀ ਕਰਵਾਉਣ ਅਤੇ ਕਬਰਸਤਾਨ ਵਿਖੇ ਸ਼ੈਡ, ਰਸਤਾ ਅਤੇ ਪਾਣੀ ਦਾ ਪ੍ਰਬੰਧ ਕਰਨ ਸਬੰਧੀ।

**<u>Resolution/PSMC-4 dated 10-2-2023</u>**

ਇਸਾਈ ਅਤੇ ਮੁਸਲਮਾਨ ਭਾਈਚਾਰੇ ਦਾ ਕਬਰਸਤਾਨ ਦਾ ਮਾਮਲਾ ਉਨਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਵਿਖੇ ਬਹੁਤ ਸਾਰੀਆਂ ਸ਼ਿਕਾਇਤਾ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਵਿੱਚ ਉਨ੍ਹਾਂ ਵਲੋਂ ਲਿਖਿਆ ਜਾਂਦਾ ਹੈ ਕਿ ਕਬਰਸਤਾਨ ਦੀ ਚਾਰ ਦਿਵਾਰੀ ਨਾ ਹੋਣ ਦੀ ਸੂਰਤ ਵਿੱਚ ਨਾਲ ਲਗਦੇ ਜੀਮੀਦਾਰ ਵਲੋਂ ਕਬਰਸਤਾਨ ਦੀ ਥੋੜੀ ਥੋੜੀ ਜਗ੍ਹਾ ਤੇ ਕਬਜ਼ਾ ਕੀਤਾ ਜਾਂਦਾ ਹੈ ਅਤੇ ਕਈ ਜਗ੍ਹਾ ਪਿੰਡਾਂ ਅਤੇ ਸ਼ਹਿਰਾਂ ਵਿੱਚ ਕਬਰਸਤਾਨ ਲਈ ਜਗ੍ਹਾ ਤਾਂ ਅਲਾਟ ਕੀਤੀ ਗਈ ਹੈ ਪਰ ਕਬਰਸਤਾਨ ਲਈ ਰਸਤਾ ਨਹੀਂ ਹੈ ਅਤੇ ਨਾਂ ਹੀ ਕਬਰਸਤਾਨ ਵਿਖੇ ਕੋਈ ਸ਼ੈਡ ਅਤੇ ਪਾਣੀ ਦਾ ਪ੍ਰਬੰਧ ਹੈ।

ਕਮਿਸ਼ਨ ਦੁਆਰਾ ਇਸ ਮਾਮਲੇ ਨੂੰ ਵਿਸਥਾਰ-ਪੂਰਵਕ ਵਿਚਾਰ ਕੇ ਇਹ ਫੈਸਲਾ ਲਿਆ ਗਿਆ ਹੈ ਕਿ ਪੰਜਾਬ ਸਰਕਾਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ (ਵਿਕਾਸ ਭਵਨ) ਦੇ ਪੱਤਰ ਨੰ: 15/4/11-ਐਲ.ਡੀ.ਜਨਰਲ/16603-793 ਮਿਤੀ 3-7-12 ਦਾ ਹਵਾਲਾ ਦਿੰਦੇ ਹੋਏ ਸਮੂਹ ਡਿਪਟੀ ਕਮਿਸ਼ਨਰਾਂ ਅਤੇ ਮਿਉਂਸਪਲ ਕਾਰਪੋਰੇਸ਼ਨ ਅਤੇ ਮਿਊਂਸਪਲ ਕਮੇਟੀ ਨੂੰ ਇਨ੍ਹਾਂ ਹਦਾਇਤਾਂ ਦੀ ਇਨ-ਬਿਨ ਪਾਲਣ ਕਰਨ ਲਈ ਲਿਖਿਆ ਜਾਵੇ।

**Agenda Item No. 5** ਸ਼੍ਰੀ ਸਲਿਲ ਕਮਾਰ ਮੈਂਬਰ ਵਲੋਂ ਚੇਅਰਮੈਨ ਜੀ ਦੀ ਪਰਵਾਨਗੀ ਉਪਰੰਤ ਕਮਿਸ਼ਨ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਸੁਵਿਧਾ ਕੇਂਦਰਾਂ ਦੁਆਰਾ ਭਰਾਏ ਜਾਣ ਵਾਲੇ ਫਾਰਮਾਂ ਵਿਚ ਧਰਮ ਸਬੰਧੀ ਕੇਵਲ ਹਿੰਦੂ, ਸਿੱਖ, ਮੁਸਲਿਮ ਅਤੇ ਕ੍ਰਿਸਚਿਅਨ ਧਰਮ ਦਾ ਹੀ ਜਿਕਰ ਕੀਤਾ ਗਿਆ ਹੈ ਪਰੰਤੂ ਜੈਨ ਧਰਮ ਸਬੰਧੀ ਕੋਈ ਵੀ ਆਪਸ਼ਨ ਉਪਲਭਧ ਨਹੀਂ ਹੈ। ਕਮਿਸ਼ਨ ਦੁਆਰਾ ਇਸ ਮਾਮਲੇ ਨੂੰ ਵਿਸਥਾਰਪੂਰਵਕ ਵਿਚਾਰਿਆ ਗਿਆ ।

**Resolution/PSMC-5 dated 10-2-2023**

ਕਮਿਸ਼ਨ ਦੁਆਰਾ ਸਰਬ ਸੰਮਤੀ ਨਾਲ ਇਹ ਫੈਸਲਾ ਲਿਆ ਗਿਆ ਕਿ ਸਮੂਹ ਡਾਇਰੈਕਟਰ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਪੰਜਾਬ ਅਤੇ ਡਿਪਟੀ ਕਮਿਸ਼ਨਰਾਂ ਨੂੰ ਲਿਖਿਆ ਜਾਵੇ ਕਿ ਸੁਵਿਧਾ ਕੇਂਦਰਾਂ ਦੁਆਰਾ ਭਰਾਏ ਜਾਣ ਵਾਲੇ ਫਾਰਮਾਂ ਵਿਚ ਧਰਮ ਸਬੰਧੀ ਜਿੱਥੇ ਹਿੰਦੂ, ਸਿੱਖ, ਮੁਸਲਿਮ ਅਤੇ ਕ੍ਰਿਸਚਿਅਨ ਧਰਮ ਦਾ ਜ਼ਿਕਰ ਹੈ ਉਥੇ ਜੈਨ ਧਰਮ ਸੰਬੰਧੀ ਵੀ ਆਪਸ਼ਨ ਹੋਣੀ ਚਾਹੀਦੀ ਹੈ, ਇਸ ਲਈ ਇਨ੍ਹਾਂ ਫਾਰਮਾਂ ਵਿੱਚ ਜੈਨ ਧਰਮ ਵੀ ਸ਼ਾਮਲ ਕਰਨ ਦੀ ਕ੍ਰਿਪਾਲਤਾ ਕੀਤੀ ਜਾਵੇ।

**Agenda Item No. 6** ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਦੇ ਸੀਨੀਅਰ ਵਾਈਸ ਚੇਅਰਮੈਨ ਅਤੇ ਮੈਂਬਰਾਂ ਦੁਆਰਾ ਚੇਅਰਮੈਨ ਜੀ ਦੀ ਪਰਵਾਨਗੀ ਉਪਰੰਤ ਕਮਿਸ਼ਨ ਨੂੰ ਬੇਨਤੀ ਕੀਤੀ ਕਿ ਕਮਿਸ਼ਨ ਦੀ ਸਥਾਪਨਾ ਤੋਂ ਹੁੱਣ ਤੱਕ ਉਨ੍ਹਾਂ ਨੂੰ ਕੋਈ ਵੀ ਮਾਣ-ਭੇਟਾ, ਭੱਤੇ ਅਦਿ ਦੀ ਅਦਾਇਗੀ ਨਹੀਂ ਕੀਤੀ ਜਾ ਰਹੀ। ਮੈਂਬਰਾਂ ਦੁਆਰਾ ਇਹ ਵੀ ਬੇਨਤੀ ਕੀਤੀ ਗਈ ਕਿ ਉਹ ਦੂਰ ਦੁਰਾਡੇ ਤੇ ਆਪਣੇ ਨਿੱਜੀ ਵਾਹਨਾ ਦੁਆਰਾ ਕਮਿਸ਼ਨ ਦੀ ਮੀਟਿੰਗਾਂ ਵਿੱਚ ਸ਼ਾਮਲ ਹੋਣ ਲਈ ਆਉਂਦੇ ਹਨ ਪਰੰਤੂ ਉਨ੍ਹਾਂ ਨੂੰ ਇਸ ਸਫਰ ਦੇ ਕਿਲੋ ਮੀਟਰਾਂ ਜਾਂ ਮੀਟਿੰਗ ਵਿੱਚ ਹਾਜ਼ਰ ਹੋਣ ਲਈ ਵੀ ਕੋਈ ਅਦਾਇਗੀ ਨਹੀਂ ਕੀਤੀ ਗਈ।

**Resolution/PSMC-6 dated 10-2-2023**

ਚੇਅਰਮੈਨ ਜੀ ਨੇ ਸੀਨੀਅਰ ਵਾਈਸ-ਚੇਅਰਮੈਨ ਅਤੇ ਹਾਜ਼ਰ ਮੈਂਬਰਾਂ ਦੀ ਜਾਣਕਾਰੀ ਲਈ ਦੱਸਿਆ ਕਿ ਇਹ ਮਾਮਲੇ ਗ੍ਰਹਿ ਵਿਭਾਗ(ਪ੍ਰਬੰਧਕੀ ਵਿਭਾਗ) ਅਤੇ ਵਿੱਤ ਵਿਭਾਗ ਦੇ ਵਿਚਾਰ ਅਧੀਨ ਹੈ। ਗ੍ਰਹਿ ਵਿਭਾਗ ਦੀ ਪ੍ਰਵਾਨਗੀ ਉਪਰੰਤ ਹੀ ਮਾਣ ਭੇਟਾ, ਭੱਤੇ ਅਤੇ ਹੋਰ ਸਹੂਲਤਾਂ ਦਿੱਤੀਆਂ ਜਾ ਸਕਦੀਆਂ ਹਨ। ਕਮਿਸ਼ਨ ਦੀ ਇੱਕਤਰਾ ਵਿੱਚ ਸ਼ਾਮਲ ਸੀਨੀਅਰ ਵਾਈਸ ਚੇਅਰਮੈਨ ਅਤੇ ਸਮੂਹ ਮੈਂਬਰਾਂ ਨੇ ਬੇਨਤੀ ਕੀਤੀ ਕਿ ਜਿਨ੍ਹਾਂ ਚਿਰ ਮਾਣ-ਭੇਟਾ ਅਤੇ ਭੱਤਿਆਂ ਦੀ ਅਦਾਇਗੀ ਨਹੀਂ ਹੋ ਸਕਦੀ ਤਾਂ ਉਨ੍ਹਾਂ ਨੂੰ ਮੀਟਿੰਗਾਂ ਵਿੱਚ ਆਉਣ ਜਾਣ ਲਈ ਖਰਚੇ ਗਏ ਪੈਟਰੋਲ/ਡੀਜ਼ਲ ਦੇ ਕਿਲੋਮੀਟਰਾਂ ਦੀ ਅਦਾਇਗੀ ਕੀਤੀ ਜਾਵੇ। ਕਮਿਸ਼ਨ ਨੇ ਸਰਬ ਸੰਮਤੀ ਨਾਲ ਇਹ ਪਰਵਾਨ ਕੀਤਾ ਕਿ ਸਰਕਾਰ ਨੂੰ ਤੁਰੰਤ ਲਿਖਿਆ ਜਾਵੇ ਕਿ ਜਿੰਨੀ ਦੇਰ ਮਾਣ-

ਭੇਟਾ ਅਤੇ ਭੱਤਿਆਂ ਦੀ ਅਦਾਇਗੀ ਨਹੀਂ ਕੀਤੀ ਜਾਂਦੀ ਉਨ੍ਹਾਂ ਚਿਰ ਉਨ੍ਹਾਂ ਨੂੰ ਮੀਟਿੰਗਾਂ ਵਿੱਚ ਦੂਰ ਦੁਰਾਡੇ ਤੇ ਆਉਣ ਜਾਣ ਲਈ ਪੈਟਰੋਲ/ਡੀਜ਼ਲ ਦੀ ਸਰਕਾਰ ਦੀਆਂ ਹਦਾਇਤਾਂ ਉਨਸਾਰ ਅਦਾਇਗੀ ਕਰਨ ਦੀ ਪਰਵਾਨਗੀ ਦਿੱਤੀ ਜਾਵੇ।

ਮੀਟਿੰਗ ਧੰਨਵਾਦ ਦੇ ਮਤੇ ਨਾਲ ਸਮਾਪਤ ਹੋਈ।

Emanuel Nahar

(ਪ੍ਰੋ:ਇੰਮਾਨੂੰਏਲ ਨਾਹਰ)